**ਦਫ਼ਤਰ ਡਾਇਰੈਕਟੋਰੇਟ ਆਫ਼ ਸਕੂਲ ਐਜੂਕੇਸ਼ਨ (ਐਲੀਮੈਂਟਰੀ), ਪੰਜਾਬ**
**ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜਿਲ, ਫ਼ੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ।**
**(ਸੇਵਾਵਾਂ ਸ਼ਾਖਾ), email: dplee.service@punjabeducation.gov.in, Ph. no. 0172-2233916**

## ਪਬਲਿਕ ਨੋਟਿਸ

**ਆਰ.ਟੀ.ਈ. ਐਕਟ, 2009 ਦੀ ਧਾਰਾ 12(1)(ਸੀ) ਅਧੀਨ ਦਾਖਲੇ**

**(ਅਕਾਦਮਿਕ ਸੈਸ਼ਨ 2026-27)**

1. ਸਿੱਖਿਆ ਵਿਭਾਗ, ਪੰਜਾਬ ਵੱਲੋਂ ਮਿਤੀ 16.04.2026, 26.04.2026 ਅਤੇ 07.05.2026 ਨੂੰ ਬੱਚਿਆਂ ਦੇ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਅਧਿਕਾਰ ਐਕਟ, 2009 ਦੀ ਧਾਰਾ 12(1)(ਸੀ) ਅਧੀਨ ਦਾਖਲਿਆਂ ਸਬੰਧੀ ਜਾਰੀ ਕੀਤੇ ਗਏ ਪਿਛਲੇ ਜਨਤਕ ਨੋਟਿਸਾਂ ਦੀ ਲਗਾਤਾਰਤਾ ਵਿੱਚ, ਅਕਾਦਮਿਕ ਸੈਸ਼ਨ 2026-27 ਲਈ ਰਾਜ ਦੇ ਮਾਨਤਾ ਪ੍ਰਾਪਤ ਗੈਰ-ਸਹਾਇਤਾ ਪ੍ਰਾਪਤ ਪ੍ਰਾਈਵੇਟ ਸਕੂਲਾਂ ਵਿੱਚ 25% ਰਾਖਵੀਆਂ ਸੀਟਾਂ ਦੇ ਵਿਰੁੱਧ ਆਰਥਿਕ ਤੌਰ ਤੇ ਗਰੀਬ, ਕਮਜ਼ੋਰ, ਵਾਂਝੇ ਸਮੂਹਾਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਬੱਚਿਆਂ ਦੇ ਦਾਖਲੇ ਲਈ ਆਨਲਾਇਨ ਪੋਰਟਲ ਤੇ ਅਪਲੋਡ ਅਰਜ਼ੀਆਂ ਵਿੱਚੋਂ ਕੁੱਝ ਅਰਜੀਆਂ ਵਿਭਾਗ ਵੱਲੋਂ ਜਾਰੀ ਗਾਈਡਲਾਇਨਜ਼ ਦੀ ਲੋਅ ਵਿੱਚ, ਜ਼ਿਲ੍ਹਾ ਸਿੱਖਿਆ ਅਫ਼ਸਰਾਂ(ਐਸਿ) ਦੁਆਰਾ ਜਾਂਚ ਕੀਤੇ ਜਾਣ ਮਗਰੋਂ ਰੱਦ ਕੀਤੀਆਂ ਹਨ ਭਾਵ ਅਯੋਗ ਪਾਈਆਂ ਗਈਆਂ ਹਨ।

2. ਉਕਤ ਰੱਦ/ਅਪ੍ਰਵਾਨਿਤ ਕੇਸਾਂ ਵਿੱਚ ਕੁਦਰਤੀ ਨਿਆਂ ਦੇ ਸਿਧਾਂਤ ਦੇ ਸਨਮੁੱਖ ਦਸਤਾਵੇਜਾਂ ਦੀ ਜਾਂਚ ਕਰਨ ਲਈ ਵਿਭਾਗ ਵੱਲੋਂ ਇੱਕ ਰਾਜ ਪੱਧਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ। ਵਿਭਾਗ ਅਜਿਹੇ ਉਮੀਦਵਾਰਾਂ ਦੇ ਮਾਪਿਆਂ/ਸਰਪ੍ਰਸਤਾਂ (Guardians) ਨੂੰ ਦਸਤਾਵੇਜਾਂ ਨੂੰ ਤਸਦੀਕ ਅਤੇ ਵਿਚਾਰ ਲਈ ਕਮੇਟੀ ਦੇ ਸਾਹਮਣੇ ਆਪਣਾ ਪੱਖ ਪੇਸ਼ ਕਰਨ ਦਾ ਇੱਕ ਮੌਕਾ ਪ੍ਰਦਾਨ ਕਰ ਰਿਹਾ ਹੈ।

3. ਇਸ ਲਈ, ਅਯੋਗ ਪਾਏ ਗਏ ਉਮੀਦਵਾਰਾਂ ਦੀ ਸੂਚੀ ਨਾਲ ਨੱਥੀ ਕਰਦੇ ਹੋਏ ਸਬੰਧਤ ਉਮੀਦਵਾਰਾਂ ਦੇ ਮਾਪਿਆਂ/ਸਰਪ੍ਰਸਤਾਂ (Guardians) ਨੂੰ ਇਸ ਪਬਲਿਕ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਮਿਤੀ 19.05.2026 (ਮੰਗਲਵਾਰ) ਤੋਂ 21.05.2026 (ਵੀਰਵਾਰ) ਤੱਕ ਕਿਸੇ ਵੀ ਦਿਨ ਦਫ਼ਤਰੀ ਸਮੇਂ ਦੌਰਾਨ ਆਪਣੀਆਂ ਅਰਜ਼ੀਆਂ ਨਾਲ ਸਬੰਧਤ ਸਾਰੇ ਅਸਲ ਦਸਤਾਵੇਜ਼ਾਂ ਸਮੇਤ ਵਿਭਾਗ ਦੇ ਮੁੱਖ ਦਫ਼ਤਰ ਭਾਵ ਦਫ਼ਤਰ ਡਾਇਰੈਕਟਰ, ਸਕੂਲ ਐਜੂਕੇਸ਼ਨ (ਐਲੀਮੈਂਟਰੀ), ਪੰਜਾਬ, 6ਵੀਂ ਮੰਜਿਲ, ਵਿਖੇ ਪਹੁੰਚ ਕਰਨ ਤਾਂ ਜੋ ਕਮੇਟੀ ਦੁਆਰਾ ਉਨ੍ਹਾਂ ਦੇ ਕੇਸਾਂ ਦੀ ਜਾਂਚ ਕਰਕੇ ਅੰਤਿਮ ਨਿਰਣਾ ਲਿਆ ਜਾ ਸਕੇ।

4. ਵਿਭਾਗ, ਵਿੱਦਿਅਕ ਵਰ੍ਹੇ 2026-27 ਵਿੱਚ ਆਰ.ਟੀ.ਈ. ਐਕਟ, 2009 ਦੇ ਸੈਕਸ਼ਨ 12(1)(ਸੀ) ਤਹਿਤ ਦਾਖਲੇ ਲਈ ਨਤੀਜਿਆਂ ਨੂੰ ਨਿਰਧਾਰਤ ਸਮੇਂ-ਸੀਮਾ ਦੇ ਅੰਦਰ ਅਤੇ ਵਧੇਰੇ ਜਨਤਕ ਹਿੱਤ ਵਿੱਚ ਅੰਤਿਮ ਰੂਪ ਦੇਣ ਅਤੇ ਘੋਸ਼ਿਤ ਕਰਨ ਦੇ ਇਰਾਦੇ ਨਾਲ ਹਰ ਸੰਭਵ ਯਤਨ ਕਰ ਰਿਹਾ ਹੈ। ਇਸ ਲਈ, ਸਮੂਹ ਸਬੰਧਤ ਮਾਪਿਆਂ/ਸਰਪ੍ਰਸਤਾਂ (Guardians) ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਮਿਤੀਆਂ ਤੋਂ ਬਾਅਦ ਇਸ ਸਬੰਧ ਵਿੱਚ ਕੋਈ ਹੋਰ ਮੌਕਾ/ਸਮਾਂ ਬਿਲਕੁੱਲ ਵੀ ਪ੍ਰਦਾਨ ਨਹੀਂ ਕੀਤਾ ਜਾਵੇਗਾ ਅਤੇ ਕਮੇਟੀ ਵੱਲੋਂ ਲਿਆ ਨਿਰਣਾ ਅੰਤਿਮ ਹੋਵੇਗਾ।

ਮਿਤੀ; 18.05.2026

**ਸੁਪਰਡੰਟ ਸੇਵਾਵਾਂ ਸ਼ਾਖਾ**

**Office of Director, School Education (Elementary), Punjab**
**Vidya Bhawan, Block-E, 6th Floor, Phase-VIII, SAS Nagar**
**Service branch, email: dpiee.service@punjabeducation.gov.in, Ph. no. 0172-2233916**

## PUBLIC NOTICE

**Admissions under Section 12(1)(C) of the RTE Act, 2009**

*(Academic Session 2026–27)*

1. In continuation of the previous public notices issued by the Department of School Education, Punjab dated 16.04.2026, 26.04.2026 and 07.05.2026 regarding admissions under Section 12(1)(C) of *"The Right of Children to Free and Compulsory Education Act, 2009"*, it is informed that for the Academic Session 2026–27, certain applications uploaded on the online portal for admission of children belonging to Economically Weaker Sections, Disadvantaged Groups and Backward Classes against 25% reserved seats in recognized unaided private schools of the State have been rejected/declared ineligible by the District Education Officers (Elementary) after scrutiny in light of the guidelines issued by the Department.
2. In the above-mentioned rejected/disapproved cases, the Department has constituted a State-Level Committee to examine the documents in adherence to the principles of natural justice. The Department is providing an opportunity to the parents/guardians of such candidates to present their case before the Committee for verification and consideration of documents.
3. Therefore, the parents/guardians of the candidates found ineligible, whose list is attached herewith, are hereby informed through this Public Notice to appear on any day from 19.05.2026 (Tuesday) to 21.05.2026 (Thursday) during office hours along with all original documents related to their applications at the Headquarters of the Department, i.e., Office of the Director, School Education (Elementary), Punjab, 6th Floor, so that the Committee may examine their cases and take a final decision.
4. The Department is making every possible effort, in larger public interest, to finalize and declare the results for admissions under Section 12(1)(C) of the RTE Act, 2009 for the Academic Session 2026–27 within the prescribed timeline. Therefore, all concerned parents/guardians are hereby informed that no further opportunity/time shall be granted in this matter after the above-mentioned dates, and the decision taken by the Committee shall be final.

**Date: 18.05.2026**

**Superintendent**
**Services Branch**